**ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ**
**ਐਸ.ਸੀ.ਓ 104-106 ਸੈਕਟਰ 34-ਏ ਚੰਡੀਗੜ੍ਹ**

## ਪਬਲਿਕ ਨੋਟਿਸ

ਸਰਵ ਸਿੱਖਿਆ ਅਭਿਆਨ ਜਾਰੀ ਕੀਤੇ ਗਏ ਵਿਗਿਆਪਨ , ਜਿਹੜਾ ਕਿ ਅੰਗਰੇਜ਼ੀ ਟ੍ਰਿਬਿਊਨ, ਦੈਨਿਕ ਜਾਗਰਣ ਅਤੇ ਅਜੀਤ ਅਖਬਾਰਾਂ ਵਿੱਚ ਮਿਤੀ 17.12.2010 ਨੂੰ ਪ੍ਰਕਾਸ਼ਿਤ ਹੋਇਆ ਸੀ, ਦੇ ਹਵਾਲੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਵਿਗਿਆਪਨ ਰਾਹੀਂ ਇਸ ਵਿਭਾਗ ਵਿੱਚ ਖਾਲੀ ਪਈਆਂ ਈ.ਟੀ.ਟੀ. ਅਧਿਆਪਕਾਂ ਦੀਆਂ ਅਸਾਮੀਆਂ ਭਰਨ ਸੰਬੰਧੀ ਇਸ਼ਤਿਹਾਰ ਦਿੱਤਾ ਗਿਆ ਸੀ। ਇਨ੍ਹਾਂ ਅਸਾਮੀਆਂ ਦਾ ਲਿਖਤੀ ਟੈਸਟ ਮਿਤੀ 16.1.2011 ਨੂੰ ਹੋਣਾ ਨਿਰਧਾਰਤ ਹੋਇਆ ਸੀ। 14 ਅਤੇ 15 ਜਨਵਰੀ 2011 ਤੱਕ ਮੁਕਤਸਰ ਵਿਖੇ ਮਾਘੀ ਮੇਲਾ ਹੋ ਰਿਹਾ ਜਿਸ ਵਿੱਚ ਪੰਜਾਬ ਦੇ ਯੁਵਾ ਵਰਗ ਵੱਲੋਂ ਵੱਧ ਚੜ੍ਹ ਕੇ ਹਿੱਸਾ ਪਾਇਆ ਜਾਣਾ ਹੈ । ਇਸ ਕਰਕੇ ਮਿਤੀ 16.1.2011 ਨੂੰ ਈ.ਟੀ.ਟੀ. ਅਧਿਆਪਕਾਂ ਦਾ ਹੋਣ ਵਾਲਾ ਟੈਸਟ ਥੋੜ੍ਹੇ ਸਮੇਂ ਲਈ ਮੁਲਤਵੀ ਕੀਤਾ ਜਾਂਦਾ ਹੈ। ਜਿਨ੍ਹਾਂ ਉਮੀਦਵਾਰਾਂ ਨੇ ਇਨ੍ਹਾਂ ਅਸਾਮੀਆਂ ਲਈ ਅਪਲਾਈ ਕੀਤਾ ਹੈ ਉਨ੍ਹਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੀ ਪ੍ਰੀਖਿਆ ਦੀ ਤਿਆਰੀ ਜਾਰੀ ਰੱਖਣ । ਟੈਸਟ ਨਿਕਟ ਭਵਿੱਖ ਵਿੱਚ 7 ਦਿਨਾਂ ਦੇ ਨੋਟਿਸ ਤੇ ਲਿਆ ਜਾ ਸਕਦਾ ਹੈ।

**ਸਟੇਟ ਪ੍ਰਾਜੈਕਟ ਡਾਇਰੈਕਟਰ**